ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**,ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

ਵੱਲ: **Through Website**

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ,ਐ.ਸਿੱ.),
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ,ਐ.ਸਿੱ.),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਪੰਜਾਬ।

ਮੀਮੋ ਨੰ: SCERT/PPPP/2019S7916 ਮਿਤੀ 21-02-2019

**ਵਿਸ਼ਾ: 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰਜੈਕਟ ਤਹਿਤ ਕਰਵਾਈ ਜਾਣ ਵਾਲੀ ਅੰਤਿਮ ਜਾਂਚ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਦੇ ਗੁਣਾਤਮਕ ਸੁਧਾਰ ਨੂੰ ਮੁੱਖ ਰੱਖਦਿਆਂ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰਜੈਕਟ ਚਲਾਇਆ ਜਾ ਰਿਹਾ ਹੈ। ਇਸ ਪ੍ਰਜੈਕਟ ਤਹਿਤ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਵਿੱਚ ਹੋਏ ਸੁਧਾਰਾਂ ਨੂੰ ਜਾਂਚਣ ਲਈ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਅੰਤਿਮ ਜਾਂਚ 22 ਫਰਵਰੀ 2019 ਤੋਂ 11 ਮਾਰਚ 2019 ਤੱਕ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿਚ ਕਰਵਾਈ ਜਾ ਰਹੀ ਹੈ। ਇਸ ਜ਼ਿੰਮੇਵਾਰੀ ਭਰਪੂਰ ਕਾਰਜ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਹੇਠ ਲਿਖੀਆਂ ਗੱਲਾਂ 'ਤੇ ਧਿਆਨ ਦੇਣਾ ਯਕੀਨੀ ਬਣਾਇਆ ਜਾਵੇ:-

2.1 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਅੰਤਿਮ ਜਾਂਚ ਸਕੂਲ ਪੱਧਰ 'ਤੇ ਮੁੱਖ ਰੂਪ ਵਿੱਚ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਦੁਆਰਾ ਕੀਤੀ ਜਾਣੀ ਹੈ। ਜ਼ਰੂਰਤ ਪੈਣ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਵੱਲੋਂ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਕੋਆਰਡੀਨੇਟਰ ਨਾਲ ਯੋਜਨਾਬੰਦੀ ਕਰਕੇ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਦੀ ਡਿਊਟੀ ਯੋਜਨਾਬੰਦੀ ਕਰਕੇ ਲਗਾਈ ਜਾਵੇਗੀ।

2.2 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਅੰਤਿਮ ਜਾਂਚ ਮਿਤੀ 22 ਫਰਵਰੀ 2019 ਤੋਂ 11 ਮਾਰਚ 2019 ਤੱਕ ਕਰਵਾਈ ਜਾਵੇਗੀ।

2.3 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਅੰਤਿਮ ਜਾਂਚ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਡਾਇਟ ਪ੍ਰਿੰਸੀਪਲਜ਼ ਦੁਆਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਨੂੰ ਪੂਰਾ ਸਹਿਯੋਗ ਕੀਤਾ ਜਾਵੇ।

2.4 ਸਮੂਹ ਜ਼ਿਲ੍ਹਾ ਅਧਿਕਾਰੀ (ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ./ਐ.ਸਿੱ), ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ./ਐ.ਸਿੱ), ਡਾਇਟ ਪ੍ਰਿੰਸੀਪਲ) ਜ਼ਿਲ੍ਹੇ ਦੇ ਸਾਰੇ ਬਲਾਕਾਂ ਦੀ ਵੰਡ ਕਰਕੇ ਜਾਂਚ ਦਾ ਕੰਮ ਮੁਕੰਮਲ ਕਰਵਾਉਣਗੇ।ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਾਕ ਪੱਧਰ 'ਤੇ ਆਪਣੇ ਬਲਾਕ ਦੀ ਜਾਂਚ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।

2.5 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਜਾਂਚ ਦੌਰਾਨ ਹਰੇਕ ਸੀ.ਐਮ.ਟੀ ਦਾ ਕਲੱਸਟਰ ਬਦਲਿਆ ਜਾਣਾ ਹੈ।ਭਾਵੇਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਸੀ.ਐਮ.ਟੀ ਦਾ ਉਹ ਕਲੱਸਟਰ ਜਾਂ ਸਕੂਲ ਨਾ ਦਿੱਤਾ ਜਾਵੇ, ਜਿਸ ਕਲੱਸਟਰ ਜਾਂ ਸਕੂਲ ਵਿੱਚ ਉਹ ਬਤੌਰ ਸੀ.ਐਮ.ਟੀ ਪਹਿਲਾ ਤੋਂ ਕੰਮ ਕਰ ਰਿਹਾ ਹੈ।ਇਸੇ ਤਰ੍ਹਾਂ ਜਾਂਚ ਕਰਤਾ ਅਧਿਆਪਕ ਦੀ ਜਾਂਚ ਸਬੰਧੀ ਡਿਊਟੀ ਵੀ ਉਸ ਦੇ ਪਿੱਤਰੀ ਸਕੂਲ ਵਿੱਚ ਨਾ ਲਗਾਈ ਜਾਵੇ।

2.6 ਜਾਂਚ ਸਬੰਧੀ ਸੀ.ਐਮ.ਟੀ ਦੀ ਡਿਊਟੀ ਲਗਾਉਣ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਜਿਥੇ ਸੀ.ਐਮ.ਟੀ ਦੀ ਡਿਊਟੀ ਲਗਾਈ ਜਾ ਰਹੀ ਹੈ, ਉਸ ਕਲੱਸਟਰ ਦੀ ਦੂਰੀ ਜਿਆਦਾ ਨਾ ਹੋਵੇ।

2.7 ਅੰਤਿਮ ਜਾਂਚ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰਜ਼ ਅਤੇ ਜਾਂਚ ਲਈ ਲਗਾਏ ਅਧਿਆਪਕਾਂ ਨੂੰ ਜਾਂਚ ਸਬੰਧੀ ਸਿਖਲਾਈ ਦਿੱਤੀ ਜਾਣੀ ਜਰੂਰੀ ਹੈ ਤਾਂ ਕਿ ਜਾਂਚ ਨੂੰ ਵਧੀਆ ਢੰਗ ਨਾਲ ਪੂਰਾ ਕੀਤਾਂ ਜਾ ਸਕੇ।

2.8 ਜਾਂਚ ਸਬੰਧੀ ਸਿਖਲਾਈ ਬਲਾਕਾਂ ਦੇ ਜ਼ੋਨ ਬਣਾਕੇ ਜੋਨਲ ਪੱਧਰ 'ਤੇ ਕੀਤੀ ਜਾਵੇਗੀ।ਜਾਂਚ ਕਰਤਾ ਨੂੰ ਹਰ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ।

2.9 ਅੰਤਿਮ ਜਾਂਚ ਲਈ 10 ਤਰ੍ਹਾਂ ਦੇ ਜਾਂਚ ਪੱਤਰ ਤਿਆਰ ਕੀਤੇ ਗਏ ਹਨ। ਜਾਂਚ ਦੌਰਾਨ ਰੋਜ਼ਾਨਾ ਮੁੱਖ ਦਫ਼ਤਰ ਵੱਲੋਂ ਸੂਚਿਤ ਕੀਤਾ ਗਿਆ ਜਾਂਚ ਪੱਤਰ ਹੀ ਵਰਤਿਆ ਜਾਵੇਗਾ। ਜੇਕਰ ਇਕ ਜਮਾਤ ਦੀ ਜਾਂਚ ਲਈ ਇੱਕ ਤੋਂ ਵੱਧ ਦਿਨ ਲਗਦੇ ਹਨ ਤਾਂ ਦੂਸਰੇ ਦਿਨ ਮੁੱਖ ਦਫ਼ਤਰ ਵੱਲੋਂ ਸੂਚਿਤ ਕੀਤਾ ਗਿਆ ਜਾਂਚ ਪੱਤਰ ਹੀ ਵਰਤਿਆ ਜਾਵੇਗਾ।

2.10 ਜਾਂਚ ਪੱਤਰਾਂ ਦੀ ਗੁਪਤਤਾ ਦੀ ਜ਼ਿੰਮੇਵਾਰੀ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਦੀ ਸਮੁੱਚੀ ਟੀਮ,ਜਾਂਚ ਲਈ ਲਗਾਏ ਅਧਿਆਪਕਾਂ, ਬੀ.ਪੀ.ਈ.ਓ,ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.),ਡਾਇਟ ਪ੍ਰਿੰਸੀਪਲ ਦੀ ਹੋਵੇਗੀ।

2.11 ਜਾਂਚ ਪੱਤਰ ਦੀ ਗੁਪਤਤਾ ਸਬੰਧੀ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਹਰੇਕ ਜਾਂਚ ਪੱਤਰ ਦੇ ਸਾਰੇ ਪੰਨਿਆਂ 'ਤੇ ਬਲਾਕ ਦੇ ਬੀ.ਪੀ.ਈ.ਓ ਤੋਂ ਮੋਹਰ ਸਮੇਤ ਹਸਤਾਖਰ ਕਰਵਾਕੇ ਲਿਫ਼ਾਫ਼ਿਆਂ ਵਿੱਚ ਸੀਲ ਬੰਦ ਕਰਕੇ ਦਿੱਤੇ ਜਾਣ।

2.12 ਹਰੇਕ ਬੱਚੇ ਦੀ ਜਾਂਚ ਕਰਨੀ ਜ਼ਰੂਰੀ ਹੋਵੇਗੀ।ਹਰ ਰੋਜ਼ ਘੱਟੋਂ-ਘੱਟ 35-40 ਬੱਚੇ ਜਾਂਚ ਕਰਤਾ ਦੁਆਰਾ ਜਾਂਚ ਕੀਤੇ ਜਾਣੇ ਜ਼ਰੂਰੀ ਹਨ।ਜਾਂਚ ਦੌਰਾਨ ਜਾਂਚ ਕਰਤਾ ਦੁਆਰਾ ਕਿਸੇ ਵੀ ਕਿਸਮ ਦੀ ਕੋਈ ਜਲਦਬਾਜੀ ਜਾਂ ਲਾਪਰਵਾਹੀ ਨਹੀਂ ਵਰਤੀ ਜਾਵੇਗੀ।

2.13 ਜਾਂਚ ਕਰਤਾ ਜਾਂਚ ਕਰਨ ਤੋਂ ਪਹਿਲਾਂ ਬੱਚਿਆਂ ਨਾਲ ਸੁਖਾਵਾਂ ਮਾਹੌਲ ਸਥਾਪਿਤ ਕਰਨਗੇ ਤਾਂ ਜੋ ਬੱਚੇ ਕਿਸੇ ਕਿਸਮ ਦਾ ਡਰ ਮਹਿਸੂਸ ਨਾ ਕਰਨ ਅਤੇ ਜਾਂਚ ਕਰਦੇ ਸਮੇਂ ਬੱਚੇ ਨੂੰ ਆਪਾ ਪ੍ਰਗਟਾਉਣ ਦਾ ਪੂਰਾ ਸਮਾਂ ਦਿੱਤਾ ਜਾਵੇ।

2.14 ਜੇਕਰ ਬੱਚਾ ਆਪਣੇ ਨਿਰਧਾਰਤ ਟੀਚੇ ਤੋਂ ਅੱਗੇ ਦਾ ਟੀਚਾ ਪੂਰਾ ਕਰਦਾ ਹੈ ਤਾਂ ਉਸ ਨੂੰ ਰੋਕਿਆ ਨਾ ਜਾਵੇ, ਉਸ ਬੱਚੇ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਪੂਰਾ ਮੌਕਾ ਦਿੱਤਾ ਜਾਵੇ ਅਤੇ ਉਸ ਦਾ ਰਿਕਾਰਡ ਰੱਖਿਆ ਜਾਵੇ।

2.15 ਜਿਨ੍ਹਾਂ ਸਕੂਲਾਂ/ਬਲਾਕਾਂ ਵਿੱਚ ਬੱਚਿਆਂ ਦੀ ਗਿਣਤੀ ਜਿਆਦਾ ਹੈ ਉਥੇ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਸੀ.ਐਮ.ਟੀ. ਨਾਲ ਦੂਸਰੇ ਬਲਾਕ ਦਾ ਬੀ.ਐਮ.ਟੀ/ ਸੀ.ਐਮ.ਟੀ. ਵੀ ਲਗਾਇਆ ਜਾ ਸਕਦਾ ਹੈ ਤਾਂ ਜੋ ਸਮੇਂ ਸਿਰ ਜਾਂਚ ਦਾ ਕੰਮ ਮੁਕੰਮਲ ਕੀਤਾ ਜਾ ਸਕੇ।

2.16 ਜਾਂਚ ਦੌਰਾਨ ਜਾਂਚ ਪੱਤਰਾਂ ਵਿਚ ਵੱਖ-ਵੱਖ ਵਿਸ਼ਿਆਂ ਦੀ ਜਾਂਚ ਲਈ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

2.17 ਜੇਕਰ ਟੈਸਟਿੰਗ ਵਾਲੇ ਦਿਨ ਕੋਈ ਬੱਚਾ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਬੱਚੇ ਦੀ ਅਗਲੇ ਦਿਨ ਜੇਕਰ ਸਕੂਲ ਅੰਦਰ ਜਾਂਚ ਦਾ ਕੰਮ ਚੱਲ ਰਿਹਾ ਹੈ ਤਾਂ ਦੱਸੇ ਗਏ ਜਾਂਚ ਪੱਤਰ ਨਾਲ ਜਾਂਚ ਕੀਤੀ ਜਾਵੇਗੀ ਪਰੰਤੂ ਜਾਂਚ ਖਤਮ ਹੋਣ ਉਪਰੰਤ ਕਿਸੇ ਵੀ ਬੱਚੇ ਦੀ ਜਾਂਚ ਨਹੀਂ ਕੀਤੀ ਜਾਵੇਗੀ। ਗੈਰਹਾਜ਼ਰ ਬੱਚਿਆਂ ਦਾ ਪੱਧਰ ਮੱਧਵਰਤੀ ਜਾਂਚ ਵਾਲਾ ਹੀ ਮੰਨਿਆ ਜਾਵੇਗਾ।

2.18 ਜੇਕਰ ਕੋਈ ਵਿਦਿਆਰਥੀ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਗੈਰਹਾਜ਼ਰ ਹੈ ਭਾਵੇਂ ਉਸਦਾ ਮੱਧਵਰਤੀ ਜਾਂਚ ਦਾ ਟੀਚਾ ਪੂਰਾ ਹੈ ਤਾਂ ਉਸਨੂੰ ਅੰਤਿਮ ਜਾਂਚ ਦੌਰਾਨ ਵੀ ਗੈਰਹਾਜ਼ਰ ਰਹਿਣ ਕਾਰਨ ਉਸਦੇ ਟੀਚੇ 'ਤੇ ਨਾ ਪਾਉਂਦੇ ਹੋਏ ਟੀਚੇ ਤੋਂ ਇੱਕ ਸਟੈੱਪ ਪਿੱਛੇ ਰੱਖਿਆ ਜਾਵੇਗਾ।

2.19 ਸਿਰਫ਼ Slow Learning ਦੇ ਅਧਾਰ ਤੇ ਕਿਸੇ ਬੱਚੇ ਨੂੰ C.W.S.N ਦੀ ਸ਼੍ਰੇਣੀ ਵਿੱਚ ਨਾ ਰੱਖਿਆ ਜਾਵੇ।

2.20 ਰੈਂਡਮ ਜਾਂਚ ਲਈ ਬੀ.ਐਮ.ਟੀ ਆਪਣੇ ਹਿੱਸੇ ਆਉਂਦੇ ਹਰੇਕ ਕਲੱਸਟਰ ਦੇ ਘੱਟੋ-ਘੱਟ ਦੋ ਸਕੂਲਾਂ (ਇਕ ਅੱਧੀ ਛੁੱਟੀ ਤੋਂ ਪਹਿਲਾਂ ਅਤੇ ਇਕ ਅੱਧੀ ਛੁੱਟੀ ਤੋਂ ਬਾਅਦ) ਵਿਚ ਜ਼ਰੂਰ ਰੈਂਡਮ ਜਾਂਚ ਕਰਨਗੇ ਅਤੇ ਇਨ੍ਹਾਂ ਦਾ ਡਾਟਾ ਵੀ ਵਿਜ਼ਟਰ ਬੁੱਕ ਅਤੇ ਡਾਇਰੀ 'ਤੇ ਦਰਜ ਕਰਨਗੇ।

2.21 ਰੈਂਡਮ ਜਾਂਚ ਲਈ ਚੁਣੇ ਗਏ ਸਕੂਲਾਂ ਵਿਚ 50 ਬੱਚਿਆਂ ਪਿੱਛੇ ਘੱਟੋ-ਘੱਟ 10 ਬੱਚੇ ਅਤੇ 100 ਬੱਚਿਆਂ ਪਿੱਛੇ ਘੱਟੋ-ਘੱਟ 20 ਬੱਚੇ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਰੈਂਡਮ ਜਾਂਚ ਲਈ ਲਏ ਜਾਣੇ ਜ਼ਰੂਰੀ ਹਨ।

2.22 ਰੈਂਡਮ ਜਾਂਚ ਵਿਚ ਮੁੱਖ ਤੌਰ 'ਤੇ ਮੁੱਢਲੀ ਜਾਂਚ ਉਪਰੰਤ ਟੀਚਾ ਪ੍ਰਾਪਤ ਬੱਚਿਆਂ ਦੀ ਜਾਂਚ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

2.23 ਜੇਕਰ ਕਿਸੇ ਸਕੂਲ ਵਿਚ ਰੈਂਡਮ ਟੈਸਟਿੰਗ ਦੌਰਾਨ ਪਾਇਆ ਜਾਂਦਾ ਹੈ ਕਿ ਜਾਂਚ ਕਰਤਾ ਵੱਲੋਂ ਬੱਚਿਆਂ ਦੀ ਸਹੀ ਟੈਸਟਿੰਗ ਨਹੀਂ ਕੀਤੀ ਗਈ ਹੈ ਤਾਂ ਇਸ ਸਬੰਧ ਵਿਚ ਬੀ.ਐਮ.ਟੀ ਤੁਰੰਤ ਆਪਣੇ ਜ਼ਿਲ੍ਹਾ ਕੋਆਰਡੀਨੇਟਰ ਨੂੰ ਜਾਣੂੰ ਕਰਵਾਏਗਾ ਅਤੇ ਜ਼ਿਲ੍ਹਾ ਕੋਆਰਡੀਨੇਟਰ ਤੁਰੰਤ ਇਸ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਡਾਇਟ ਪ੍ਰਿੰਸੀਪਲ ਅਤੇ ਮੁੱਖ ਦਫ਼ਤਰ ਨੂੰ ਇਸ ਸਬੰਧੀ ਆਪਣੀ ਰਿਪੋਰਟ ਅਗਲੇਰੀ ਕਾਰਵਾਈ ਲਈ ਭੇਜੇਗਾ।

2.24 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਕੋਆਰਡੀਨੇਟਰ ਅਤੇ ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਆਪਣੇ ਪੱਧਰ 'ਤੇ ਹਰੇਕ ਬਲਾਕ ਦੇ ਹਰੇਕ ਕਲੱਸਟਰ ਤੱਕ ਪਹੁੰਚ ਕਰਦਿਆਂ ਸਕੂਲਾਂ ਵਿਚ ਰੈਂਡਮ ਟੈਸਟਿੰਗ ਕਰਨਗੇ ਅਤੇ ਇਸ ਦੀ ਰਿਪੋਰਟ ਤਿਆਰ ਕਰਨਗੇ ਅਤੇ ਇਸ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਅਤੇ ਮੁੱਖ ਦਫ਼ਤਰ ਨੂੰ ਵੀ ਦੇਣਗੇ।

2.25 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਹਿਬਾਨ ਜਾਂਚ ਦੌਰਾਨ ਬਲਾਕ ਵਿਚ ਜਾਂਚ ਕਰਤਾ ਦੀਆਂ ਜਾਂਚ ਸਬੰਧੀ ਲੋੜਾਂ ਦਾ ਧਿਆਨ ਰੱਖਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ਸਕੂਲ ਜਾਂਚ ਹੋਣ ਤੋਂ ਵਾਂਝਾ ਨਹੀਂ ਰਿਹਾ ਅਤੇ ਆਪਣੇ ਬਲਾਕ ਦੀ ਸਹੀ ਜਾਂਚ ਹੋਣ ਦੀ ਰਿਪੋਰਟ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਨੂੰ ਕਰਨਗੇ।

2.26 ਸਮੂਹ ਅਧਿਕਾਰੀ ਸਹਿਬਾਨ ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰਾਂ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਹਨਾਂ ਵੱਲੋਂ ਜਾਂਚ ਇਮਾਨਦਾਰੀ ਨਾਲ ਕੀਤੀ ਜਾਵੇ। ਨਤੀਜਾ

ਵਧਾਉਣ/ਘਟਾਉਣ ਲਈ ਕਿਸੇ ਦਾ ਦਬਾਅ ਨਹੀਂ ਮੰਨਿਆ ਜਾਵੇਗਾ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਮੁੱਖ ਦਫ਼ਤਰ ਨੂੰ ਕੀਤੀ ਜਾਵੇਗੀ।

2.27 ਜਾਂਚ ਕਰਨ ਤੋਂ ਬਾਅਦ ਜਾਂਚ ਕਰਤਾ ਅੰਤਿਮ ਜਾਂਚ ਦੇ ਅੰਕੜਿਆਂ ਨੂੰ ਸਿਰਫ਼ ਪੈੱਨ ਨਾਲ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਰਜਿਸਟਰ ਵਿੱਚ ਅਤੇ ਵਿਜ਼ਟਰ ਬੁੱਕ ਵਿਚ ਜ਼ਰੂਰ ਭਰੇਗਾ ਅਤੇ ਇਸ ਉੱਤੇ ਆਪਣੇ ਪੂਰੇ ਦਸਤਖ਼ਤ ਸਮੇਤ ਮੋਬਾਇਲ ਨੰਬਰ ਜ਼ਰੂਰ ਲਿਖੇਗਾ।

2.28 ਜਾਂਚ ਕਰਨ ਤੋਂ ਬਾਅਦ ਜਾਂਚ ਦਾ ਡਾਟਾ ਰੋਜ਼ਾਨਾ ਪੋਰਟਲ 'ਤੇ ਫੀਡ ਕੀਤਾ ਜਾਵੇ ਤਾਂ ਜੋ ਸਮੇਂ ਸਿਰ ਰਿਜ਼ਲਟ ਤਿਆਰ ਕਰਕੇ ਨਤੀਜ਼ਾ ਘੋਸ਼ਿਤ ਕੀਤਾ ਜਾ ਸਕੇ।ਪੋਰਟਲ ਤੇ ਡਾਟਾ ਫੀਡ ਕਰਨ ਦੀ ਸਾਰੀ ਜ਼ਿੰਮੇਵਾਰੀ ਬੀ.ਐੱਮ.ਟੀ ਦੀ ਹੈ।

2.29 ਸਕੂਲ ਦੀ ਜਾਂਚ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਜਾਂਚ ਕਰਤਾ ਮੁਲਾਂਕਣ ਰਜਿਸਟਰ ਵਿੱਚੋਂ ਇੱਕ ਕਾਪੀ ਆਪਣੇ ਹਸਤਾਖਰਾਂ ਸਮੇਤ ਲੈ ਕੇ ਆਏਗਾ ਅਤੇ ਬੀ.ਐੱਮ.ਟੀ ਨੂੰ ਜਮ੍ਹਾਂ ਕਰਵਾਏਗਾ।ਬੀ.ਐੱਮ.ਟੀ ਵੱਲੋਂ ਆਪਣੇ ਅਧੀਨ ਸਾਰੇ ਸਕੂਲਾਂ ਦੀ ਸੰਕਲਿਤ ਨਤੀਜੇ ਦੀ ਕਾਪੀ ਜ਼ਿਲ੍ਹਾ ਕੋਆਰਡੀਨੇਟਰ ਨੂੰ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ।ਜ਼ਿਲ੍ਹਾ ਕੋਆਰਡੀਨੇਟਰ ਇਹਨਾਂ ਕਾਪੀਆਂ ਨੂੰ ਮੁੱਖ ਦਫ਼ਤਰ ਵਿਖੇ ਜਮ੍ਹਾਂ ਕਰਵਾਉਣਗੇ।

2.30 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ./ਐ.ਸਿ), ਉਪ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ./ਐ.ਸਿ), ਡਾਇਟ ਪ੍ਰਿੰਸੀਪਲ ਅਤੇ ਜ਼ਿਲ੍ਹੇ ਦੀ ਯੋਜਨਾਬੰਦੀ ਅਨੁਸਾਰ ਸਕੂਲ ਪ੍ਰਿੰਸੀਪਲ ਜਾਂਚ ਦੌਰਾਨ ਵੱਖ-ਵੱਖ ਸਕੂਲਾਂ ਦੇ ਨਿਰੀਖਣ ਲਈ ਜਾਣਗੇ।

2.31 ਅੰਤਿਮ ਜਾਂਚ ਦੌਰਾਨ ਅਤੇ ਬਾਅਦ ਵਿੱਚ ਵਿਦਿਆਰਥੀਆਂ ਦੀ ਅੰਤਰ ਜ਼ਿਲ੍ਹਾ/ਅੰਤਰ ਬਲਾਕ ਨਿਰੀਖਣ ਦੌਰਾਨ ਮੁੱਖ ਦਫਤਰ ਵੱਲੋਂ ਦੱਸਿਆਂ ਜਾਂਚ ਪੱਤਰ ਹੀ ਵਰਤਿਆ ਜਾਵੇ।ਇਹ ਜਾਂਚ ਪੱਤਰ ਪਹਿਲਾਂ ਕੀਤੀ ਗਈ ਜਾਂਚ ਲਈ ਵਰਤੇ ਗਏ ਜਾਂਚ ਪੱਤਰ ਤੋਂ ਅਲੱਗ ਹੋਵੇਗਾ।

2.32 ਜਾਂਚ ਮੁਕੰਮਲ ਹੋਣ ਤੋਂ ਬਾਅਦ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ'ਟੀਮ ਦੇ ਸਾਰੇ ਮੈਂਬਰ ਅਤੇ ਜਾਂਚ ਕਰਤਾ ਅਧਿਆਪਕ ਆਪਣੇ ਜਾਂਚ ਪੱਤਰਾਂ ਨੂੰ ਜ਼ਿਲ੍ਹਾ ਕੋਆਰਡੀਨੇਟਰ ਕੋਲ ਵਾਪਿਸ ਜਮ੍ਹਾਂ ਕਰਵਾਉਣਗੇ।

2.33 ਜਾਂਚ ਦੇ ਨਿਰੀਖਣ ਸਬੰਧੀ ਮੁੱਖ ਦਫ਼ਤਰ ਵੱਲੋਂ ਗਠਿਤ ਟੀਮਾਂ ਵੀ ਜ਼ਿਲ੍ਹੇ ਦੀ ਸਮੁੱਚੀ ਰਿਪੋਰਟ ਮੁੱਖ ਦਫ਼ਤਰ ਨੂੰ ਕਰਦੀਆਂ ਰਹਿਣਗੀਆਂ।

3.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ (ਪੰਜਾਬ)**

ਪਿੱਠ ਅੰਕਣ ਨੰ.　　　　　　　　ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ।
3. ਡੀ.ਪੀ.ਆਈ (ਸੈ.ਸਿੱ.), ਪੰਜਾਬ।
4. ਡੀ.ਪੀ.ਆਈ (ਐ.ਸਿੱ.), ਪੰਜਾਬ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ (ਪੰਜਾਬ)**